ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਬਲਾਕ-ਈ, **ਪੰਜਵੀਂ** ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐੱਸ.ਏ.ਐੱਸ ਨਗਰ**, ਮੁਹਾਲੀ

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਡਾਇਟ ਪ੍ਰਿੰਸੀਪਲ,
ਪੰਜਾਬ।

**ਮੀਮੋ:-** SCERT/PPPP/PRI./2020 34028 **ਮਿਤੀ:-** 24.01.2020

**ਵਿਸ਼ਾ: 'ਸਮਗਰਾ ਸਿੱਖਿਆ ਅਭਿਆਨ' ਤਹਿਤ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੇ ਫੰਡ ਜ਼ਿਲ੍ਹਾ ਪੱਧਰ 'ਤੇ ਭੇਜਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਭਾਰਤ ਸਰਕਾਰ ਪੀ.ਏ.ਬੀ. 2019-20 ਮਿੰਟਜ਼ ਮੁਤਾਬਿਕ 'ਸਮਗਰਾ ਸਿੱਖਿਆ ਅਭਿਆਨ' ਅਧੀਨ ਪ੍ਰਾਇਮਰੀ ਅਧਿਆਪਕਾਂ ਦੀ ਸਿਖਲਾਈ ਸਬੰਧੀ ਫੰਡ ਪ੍ਰਵਾਨ ਹੋਏ ਹਨ।ਜਿਸ ਦੇ ਮੱਦੇਨਜ਼ਰ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੀ ਸਿਖਲਾਈ ਕਰਵਾਈ ਜਾਂਦੀ ਹੈ ਅਤੇ ਸਿਖਲਾਈ ਤੋਂ ਬਾਅਦ ਸਮੂਹ ਜ਼ਿਲ੍ਹਿਆਂ ਅੰਦਰ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' (ਪ੍ਰਾਇਮਰੀ) ਤਹਿਤ ਕੰਮ ਕਰਦੇ ਜ਼ਿਲ੍ਹਾ ਕੋਆਰਡੀਨੇਟਰ, ਸਹਾਇਕ ਜ਼ਿਲ੍ਹਾ ਕੋਆਰਡੀਨੇਟਰ, ਬੀ.ਐੱਮ.ਟੀ, ਸੀ.ਐੱਮ.ਟੀ ਦੁਆਰਾ ਲਗਾਤਾਰ ਸਕੂਲਾਂ ਨੂੰ ਵਿਜ਼ਿਟ ਕੀਤਾ ਜਾ ਰਿਹਾ ਹੈ ਅਤੇ ਅਧਿਆਪਕਾਂ ਨੂੰ ਸਕੂਲ ਵਿੱਚ ਪਹੁੰਚ ਕੇ ਸਿਖਲਾਈ ਦੇਣ ਦੇ ਨਾਲ-ਨਾਲ ਉਸਦਾ ਫੋਲੋਅੱਪ ਵੀ ਕੀਤਾ ਜਾ ਰਿਹਾ ਹੈ।

3.0 ਇਸ ਸਬੰਧ ਵਿੱਚ ਸਮੂਹ ਜ਼ਿਲ੍ਹਿਆਂ ਨੂੰ ਹੇਠ ਲਿਖੇ ਅਨੁਸਾਰ ਫੰਡ ਜਾਰੀ ਕੀਤੇ ਜਾ ਰਹੇ ਹਨ:-

| S.N | District Name | Total Amount (Figures in Lakhs.) |
|---|---|---|
| 1 | AMRITSAR | 31.75 |
| 2 | BARNALA | 7.44 |
| 3 | BATHINDA | 18.94 |
| 4 | FARIDKOT | 11.21 |
| 5 | FATEHGARH SAHIB | 11.89 |
| 6 | FAZILKA | 17.6 |
| 7 | FEROZEPUR | 17.83 |
| 8 | GURDASPUR | 32.68 |
| 9 | HOSHIARPUR | 30.63 |
| 10 | JALANDHAR | 28.86 |
| 11 | KAPURTHALA | 15.84 |
| 12 | LUDHIANA | 37.54 |
| 13 | MANSA | 12.9 |
| 14 | MOGA | 16.37 |
| 15 | MUKTSAR | 15.36 |
| 16 | PATHANKOT | 11.86 |
| 17 | PATIALA | 29.43 |
| 18 | ROOPNAGAR | 13.6 |
| 19 | S.B.S. NAGAR | 10.71 |
| 20 | SANGRUR | 23.81 |
| 21 | SAS NAGAR | 16.16 |
| 22 | TARN TARAN | 18.12 |
| | **Grand Total** | 430.53 |

4.0 ਅਧਿਆਪਕ ਸਿਖਲਾਈ ਤਹਿਤ ਭੇਜੇ ਗਏ ਫੰਡਾਂ ਵਿੱਚ ਸੈਸ਼ਨ 2019-20 ਦੌਰਾਨ ਕੀਤੀ ਪ੍ਰਾਇਮਰੀ ਅਧਿਆਪਕ ਸਿਖਲਾਈ ਸਬੰਧੀ ਅਡਵਾਂਸ ਕੀਤੇ ਗਏ ਖ਼ਰਚ ਅਤੇ ਸੈਸ਼ਨ 2019-20 ਦੌਰਾਨ ਕੀਤੇ ਜਾਣ ਵਾਲੇ ਖਰਚ ਜਿਵੇਂ ਕਿ ਸਿਖਲਾਈ ਸਬੰਧੀ ਹੋਣ ਵਾਲੇ ਸਾਰੇ ਖ਼ਰਚੇ (ਜਨਰੇਟਰ, ਪਾਣੀ, ਟੀ.ਐੱਲ.ਐੱਮ ਆਦਿ) ਅਤੇ ਜ਼ਿਲ੍ਹਾ ਕੋਆਰਡੀਨੇਟਰ, ਸਹਾਇਕ ਜ਼ਿਲ੍ਹਾ ਕੋਆਰਡੀਨੇਟਰ, ਬੀ.ਐਮ.ਟੀ ਅਤੇ ਸੀ.ਐਮ.ਟੀ ਨੂੰ ਟੀ.ਏ./ਮਾਣਭੱਤਾ ਦਾ ਭੁਗਤਾਨ ਕਰਨ ਲਈ ਕੀਤੇ ਜਾਣ ਵਾਲਾ ਖਰਚ ਸ਼ਾਮਿਲ ਹੋਣਗੇ।

5.0 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਨੂੰ ਦਿੱਤਾ ਜਾਣ ਵਾਲਾ ਮਾਣਭੱਤਾ/ਟੀ.ਏ ਵਿੱਤੀ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਸੈਸ਼ਨ 2019-20 ਦੌਰਾਨ ਹੇਠਾਂ ਦਿੱਤੀਆਂ ਦਰਾਂ ਅਨੁਸਾਰ ਜਾਰੀ ਕੀਤਾ ਜਾਵੇਗਾ:

| ਲੜੀ ਨੰ. | 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਵਿੱਚ ਅਹੁਦਾ | ਟੀ.ਏ./ਮਾਣਭੱਤਾ ਦੀ ਦਰ |
|---|---|---|
| 1 | ਜ਼ਿਲ੍ਹਾ ਕੋਆਰਡੀਨੇਟਰ | Rs. 3.5 ਪ੍ਰਤੀ ਕਿਲੋਮੀਟਰ+ 1000 ਰੁਪਏ ਪ੍ਰਤੀ ਮਹੀਨਾ ਫੁੱਟਕਲ ਖਰਚਿਆਂ ਲਈ ਖਰਚੇ ਦੇ ਅਸਲ ਬਿੱਲਾਂ ਵਿਰੁੱਧ। |
| 2 | ਸਹਾਇਕ ਜ਼ਿਲ੍ਹਾ ਕੋਆਰਡੀਨੇਟਰ | Rs. 3.5 ਪ੍ਰਤੀ ਕਿਲੋਮੀਟਰ |
| 3 | ਬਲਾਕ ਮਾਸਟਰ ਟ੍ਰੇਨਰ (ਬੀ.ਐਮ.ਟੀ) | Rs. 150 ਪ੍ਰਤੀ ਵਿਅਕਤੀ ਪ੍ਰਤੀ ਦਿਨ |
| 4 | ਕਲੱਸਟਰ ਮਾਸਟਰ ਟ੍ਰੇਨਰ (ਸੀ.ਐਮ.ਟੀ) | Rs. 100 ਪ੍ਰਤੀ ਵਿਅਕਤੀ ਪ੍ਰਤੀ ਦਿਨ |

6.0 ਇਸ ਤੋਂ ਇਲਾਵਾ ਜਦੋਂ ਵੀ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰਾਇਮਰੀ ਤਹਿਤ ਕੰਮ ਕਰਦੇ ਜ਼ਿਲ੍ਹਾ ਕੋਆਰਡੀਨੇਟਰ ਅਤੇ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਹੈੱਡ ਕੁਆਟਰ ਵਿਖੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਹੋਣ ਵਾਲੀ ਮੀਟਿੰਗਜ਼ ਜਾਂ ਵਰਕਸ਼ਾਪ ਵਿੱਚ ਸਾਂਝੇ ਤੌਰ 'ਤੇ ਭਾਗ ਲਿਆ ਜਾਣਾ ਹੈ ਤਾਂ ਉਹਨਾਂ ਨੂੰ ਟੈਕਸੀ ਰਾਹੀਂ ਸਫ਼ਰ ਕਰਨ ਦੀ ਅਤੇ ਰੂਲਾਂ/ਹਦਾਇਤਾਂ ਮੁਤਾਬਿਕ ਟੀ.ਏ ਕਲੇਮ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।

7.0 ਡਾਇਟ ਪ੍ਰਿੰਸੀਪਲਜ਼ ਵੱਲੋਂ ਉਪਰੋਕਤ ਅਨੁਸਾਰ ਇਹ ਭੁਗਤਾਨ 'In Service Training (I-VIII)' ਮੱਦ ਵਿੱਚੋਂ ਕੀਤਾ ਜਾਣਾ ਹੈ ਅਤੇ ਇਸ ਖਰਚੇ ਦਾ ਬਕਾਇਦਾ ਰਿਕਾਰਡ ਸਬੰਧਤ ਡਾਇਟ ਪ੍ਰਿੰਸੀਪਲ ਵੱਲੋਂ ਰੱਖਿਆ ਜਾਵੇਗਾ।

8.0 ਸਿਖਲਾਈ ਸਬੰਧੀ ਹੋਏ ਖਰਚ ਸਬੰਧੀ ਭੁਗਤਾਨ ਨੂੰ ਸਮੇਂ-ਸਿਰ ਅਤੇ 'Manual on 'Financial Mangement & Procurement' ਦੀਆਂ ਹਦਾਇਤਾਂ ਅਤੇ ਭਾਰਤ ਸਰਕਾਰ ਦੀਆਂ ਸਮੇਂ-ਸਮੇਂ ਜਾਰੀ ਹਦਾਇਤਾਂ ਅਨੁਸਾਰ ਹੀ ਖਰਚ ਕੀਤਾ ਜਾਵੇ।

9.0 ਸਾਲ 2019-20 ਵਿੱਚ ਫੰਡਜ਼ ਦੀ ਵਰਤੋਂ PAB ਅਨੁਸਾਰ ਕੀਤੀ ਜਾਵੇ ਅਤੇ UC ਲੈਣਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ: ਮਿਤੀ:

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ. (ਐ.ਸਿੱ), ਪੰਜਾਬ
3. ਡਾਇਰੈਕਟਰ, ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ